ਦੇਗ ਤੇਗ ਫਤਿਹ॥



ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਪ੍ਰਤੀਕ

# ਹੋਲਾ ਮਹੱਲਾ ਪੁਰਬ

## ੫ ਚੇਤ, ਨਾਨਕਸ਼ਾਹੀ ਸੰਮਤ ੫੫੪

ਮੁਤਾਬਿਕ

## ਸ਼ੁੱਕਰਵਾਰ, 18 ਮਾਰਚ 2022

ਨੂੰ

# ਗੁਰਦੁਆਰਾ ਦਮਦਮਾ ਸਾਹਿਬ

## ਨੇੜੇ ਨਿਜ਼ਾਮੁਦੀਨ, ਨਵੀਂ ਦਿੱਲੀ

ਵਿਖੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

# ਹੋਲਾ ਮਹੱਲਾ

ਭਾਰਤ ਵਿੱਚ ਹੋਲੀ ਦਾ ਤਿਉਹਾਰ ਚਿਰਕਾਲ ਤੋਂ ਮੌਸਮ ਬਦਲਣ ਦੇ ਚਿੰਨ੍ਹ ਦੇ ਰੂਪ ਵਿੱਚ ਖੁਸ਼ੀ ਦਾ ਤਿਉਹਾਰ ਹੈ। ਸਮੇਂ ਦੇ ਨਾਲ-ਨਾਲ ਇਸਦਾ ਸਰੂਪ ਬਦਲਦਾ ਰਿਹਾ। ਕਿਸੇ ਸਮੇਂ ਇਸ ਤਿਉਹਾਰ ਵਿੱਚ ਇਤਰ-ਗੁਲਾਲ ਦੀ ਵਰਤੋਂ ਕੀਤੀ ਜਾਂਦੀ ਰਹੀ, ਫਿਰ ਰੰਗਾਂ ਦੀ ਵਰਤੋਂ ਸ਼ੁਰੂ ਹੋਈ ਤੇ ਇੱਕ ਸਮਾਂ ਅਜਿਹਾ ਵੀ ਆ ਗਿਆ ਕਿ ਇਸ ਤਿਉਹਾਰ ਵਿੱਚ ਚਿੱਕੜ ਤੇ ਗੰਦਗੀ ਦੀ ਵਰਤੋਂ ਹੋਣ ਲੱਗੀ ਅਤੇ ਇਸ ਲਈ ਇਸ ਮੌਸਮੀ ਤਿਉਹਾਰ ਨੂੰ ਪੁਜਾਰੀ ਵਰਗ ਨੇ ਸ਼ੂਦਰਾਂ ਨਾਲ ਜੋੜ ਦਿੱਤਾ।

'ਹੋਲਾ ਮਹੱਲਾ' ਦੇ ਸ਼ਬਦੀ ਅਰਥ – ਹੋਲਾ ਜੋ 'ਅਰਬੀ' ਭਾਸ਼ਾ ਦਾ ਸ਼ਬਦ ਹੈ, ਤੋਂ ਭਾਵ ਹੈ ਨੇਕ ਕੰਮਾਂ ਲਈ ਜੂਝਣਾ ਅਤੇ ਮਹੱਲਾ ਤੋਂ ਭਾਵ ਹੈਮਯ-ਹਲਾ ਯਾਨਿ ਬਨਾਵਟੀ ਹਮਲਾ।

ਗੁਰੂ ਸਾਹਿਬ ਸਿੱਖਾਂ ਵਿੱਚ ਬੀਰਤਾ ਦੇ ਹੋਏ ਸੰਚਾਰ ਦੀ ਪ੍ਰੀਖਿਆ ਲੈਣ ਲਈ, ਉਨ੍ਹਾਂ ਨੂੰ ਦੋ ਦਲਾਂ ਵਿੱਚ ਵੰਡਦੇ। ਉਨ੍ਹਾਂ ਦੀ ਨਿਗਰਾਨੀ ਵਿੱਚ ਇੱਕ ਦਲ ਦੂਜੇ ਦਲ 'ਤੇ ਹਥਿਆਰਬੰਦ ਹਮਲਾ ਕਰਦਾ ਤੇ ਦੂਸਰਾ ਉਸ ਹਮਲੇ ਤੋਂ ਆਪਣਾ ਬਚਾ ਕਰਦਾ। ਇਸ ਬਨਾਵਟੀ ਯੁੱਧ ਦੇ ਦੌਰਾਨ ਜਿੱਥੇ ਦੋਹਾਂ ਦਲਾਂ ਵੱਲੋਂ ਆਪੋ-ਆਪਣੇ ਸਾਥੀਆਂ ਦੇ ਹੌਂਸਲੇ ਵਧਾਉਣ ਲਈ ਜੈਕਾਰੇ ਲਾਏ ਜਾਂਦੇ, ਉਥੇ ਹੀ ਇਸ ਬਨਾਵਟੀ ਯੁੱਧ ਨੂੰ ਵੇਖ ਅਨੰਦ ਮਾਣ ਰਹੇ ਸਿੱਖ ਵੀ ਜੈਕਾਰੇ ਗਜਾ ਦੋਹਾਂ ਦਲਾਂ ਦੀ ਹੌਂਸਲਾ ਅਫਜਾਈ ਕਰਦੇ ਰਹਿੰਦੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਤੇ ਯੁੱਧ ਵਿਦਿਆ ਵਿੱਚ ਨਿਪੁੰਨ ਕਰਨ ਵਾਲੇ ਇਸ ਤਿਉਹਾਰ ਵਿੱਚ ਨਾ ਕੇਵਲ ਪਵਿੱਤ੍ਰਤਾ ਦਾ ਸੰਚਾਰ ਕੀਤਾ, ਸਗੋਂ ਇਸ ਨੂੰ ਬੀਰ ਰਸੀ ਕਰਤਬਾਂ ਨਾਲ ਵੀ ਜੋੜਿਆ ਅਤੇ 'ਹੋਲਾ ਮਹੱਲਾ' ਦਾ ਨਾਮ ਦੇ ਕੇ ਇਸ ਨੂੰ ਬੀਰਤਾ ਦੇ ਪ੍ਰਤੀਕ ਵਜੋਂ ਸਥਾਪਿਤ ਕਰ ਦਿੱਤਾ। ਇਸ ਮੌਕੇ 'ਤੇ ਜਿੱਥੇ ਧਾਰਮਿਕ ਦੀਵਾਨ ਸਜਦੇ, ਉਥੇ ਹੀ ਬੀਰ ਰਸੀ ਰਚਨਾਵਾਂ ਦਾ ਗਾਇਨ ਕਰ ਸਿੱਖਾਂ ਵਿੱਚ ਜੋਸ਼ ਤੇ ਉਤਸ਼ਾਹ ਵੀ ਭਰਿਆ ਜਾਂਦਾ।

ਇਸ ਯੁੱਧ ਵਿੱਚ ਘੋੜਿਆਂ ਅਤੇ ਸ਼ਸਤਰਾਂ ਦੀ ਖੁਲ੍ਹ ਕੇ, ਪਰ ਸੰਭਲਕੇ ਵਰਤੋਂ ਕੀਤੀ ਜਾਂਦੀ। ਜੋ ਦਲ ਜਿੱਤ ਹਾਸਲ ਕਰਦਾ ਗੁਰੂ ਸਾਹਿਬ ਉਸਦੀ ਪ੍ਰਸ਼ੰਸਾ ਕਰਦੇ ਅਤੇ ਉਸਨੂੰ ਆਪਣੇ ਪ੍ਰਦਰਸ਼ਨ ਵਿੱਚ ਹੋਰ ਸੁਧਾਰ ਲਿਆਉਣ ਲਈ ਪ੍ਰੇਰਦੇ। ਹਾਰਨ ਵਾਲੇ ਦਲ ਦੇ ਕਰਤਬਾਂ ਦੀ ਵੀ ਪ੍ਰਸ਼ੰਸਾ ਕਰਦੇ ਅਤੇ ਉਸ ਨੂੰ ਅਗਲੀ ਵਾਰ ਜਿੱਤ ਹਾਸਲ ਕਰਨ ਲਈ ਤਿਆਰ ਹੋਣ ਵਾਸਤੇ ਉਤਸਾਹਿਤ ਕਰਦੇ। ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ 'ਹੋਲੇ ਮਹੱਲੇ' ਦਾ ਨਾਮ ਦੇ ਕੇ ਸ਼ਾਸਤਰ ਅਤੇ ਸ਼ਸਤਰਾਂ ਦੇ ਪ੍ਰਯੋਗ ਦਾ ਬਹੁਤ ਖੂਬਸੂਰਤ ਸੰਕਲਪ ਦਿੱਤਾ। 'ਹੋਲਾ ਮਹੱਲਾ' ਦਾ ਤਿਉਹਾਰ ਗੁਲਾਮ ਮਾਨਸਿਕਤਾ ਤੋਂ ਆਜ਼ਾਦ ਸੋਚ-ਵਿਚਾਰ ਅਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।

# Hola Mohala

Since ancient time Holi, the festival of colours has been celebrated and associated with the changing of weather. The celebrations very from time to time – earlier fragrance and flowers were used, then colours and gulal became the norm but then this was replaced by mud and dirt, it was then that this festival was associated with 'Shudras' by Priests.

'Hola Mahalla' derives its meaning from the Arabic word 'Hola', which means to fight for noble causes and Mahalla means Mey+Halla – which means mock attack.

Guru Gobind Singh Sahib Ji often to assess the bravery of his Sikhs divided them in two groups and arranged for mock fights. Under his supervision one group attacked the other and 2nd group tried to protect themselves. During these mock attacks the Sikhs raised high pitched slogans to hail their team members.

Guru Gobind Singh Sahib Ji not only addedvalour with colour but also spiritual temper to the festival of Holi. Not only religious congregations were organized but also poetry of heroic temper were recited to motivate the Sikhs.

In these mock fights weapons and horses were used freely but cautiously. Guru Gobind Singh Sahib praised the team that won but also gave them suggestions to further refine their war tactics. But the team that lost was also motivated to be ready for the attack next time.Thus 'Hola Mahalla' symbolized not only weapons but spiritual message of the scriptures.

Hola Mahalla thus stands out as a declaration of freedom of thought, speech and deed.

# ੫ ਚੇਤ (18 ਮਾਰਚ), ਨਾਨਕਸ਼ਾਹੀ ਸੰਮਤ ੫੫੪

## ਪ੍ਰੋਗਰਾਮ (ਸਵੇਰੇ)

3.30 ਤੋਂ 5.30 – ਪਾਠ – ਸ੍ਰੀ ਸੁਖਮਨੀ ਸਾਹਿਬ ਅਤੇ ਨਿਤਨੇਮ

5.30 ਤੋਂ 8.00 – ਆਸਾ ਦੀ ਵਾਰ – ਭਾਈ ਜਗਦੀਪ ਸਿੰਘ ਜੀ

8.00 ਤੋਂ 9.00 – ਕੀਰਤਨ– ਭਾਈ ਰਣਜੀਤ ਸਿੰਘ ਜੀ ਖਾਲਸਾ

9.00 ਤੋਂ 10.00 – ਕੀਰਤਨ – ਭਾਈ ਸੁਰਜੀਤ ਸਿੰਘ ਜੀ ਰਸੀਲਾ

10.00 ਤੋਂ 11.00 – ਸ਼ਬਦ ਦੀ ਵਿਚਾਰ– ਭਾਈ ਹਰਮੀਤ ਸਿੰਘ ਜੀ ਖਾਲਸਾ

11.00 ਤੋਂ 12.00 – ਕੀਰਤਨ – ਭਾਈ ਉਂਕਾਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

12.00 ਤੋਂ 12.30 – ਪੰਥਕ ਵਿਚਾਰਾਂ

12.30 ਤੋਂ 12.45 – ਨਾਮ ਸਿਮਰਨ – ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲੇ

12.45 ਤੋਂ 1.45 – ਕੀਰਤਨ – ਭਾਈ ਜਸਪਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

1.45 ਤੋਂ 3.00 – ਕੀਰਤਨ – ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰੀ

3.00 ਤੋਂ 4.00 – ਢਾਡੀ ਪ੍ਰਸੰਗ – ਭਾਈ ਗੁਰਚਰਨ ਸਿੰਘ ਜੀ ਚੰਨ
ਹਜ਼ੂਰੀ ਢਾਡੀ, ਗੁਰਦੁਆਰਾ ਸੀਸ ਗੰਜ ਸਾਹਿਬ

4.00 ਤੋਂ 5.00 – ਕਵੀ ਦਰਬਾਰ – ਸ. ਗੁਰਮੇਲ ਸਿੰਘ ਕੋਮਲ,
ਸ. ਮਹਿੰਦਰ ਸਿੰਘ ਪਰਿੰਦਾ, ਸ. ਸਤਬੀਰ ਸਿੰਘ ਸ਼ਾਨ,
ਸ. ਭਗਤ ਸਿੰਘ ਬੀਰ, ਸ. ਮਲਕੀਤ ਸਿੰਘ ਨਿਮਾਣਾ,
ਬੀਬੀ ਮਨਜੀਤ ਕੌਰ ਅੰਮ੍ਰਿਤਸਰ

ਉਪਰੰਤ ਅਰਦਾਸ ਅਤੇ ਸਮਾਪਤੀ

**ਇਸ ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਣ Chardikla Time T.V. ਚੈਨਲ, ਵੈਬਸਾਈਟ www.dsgmc.in ਅਤੇ www.kirtanpardhna.com 'ਤੇ ਹੋਵੇਗਾ**

**ਹੋਲਾ ਮਹੱਲਾ ਪੁਰਬ ਦੇ ਮੌਕੇ 'ਤੇ ਗਤਕਈ ਅਖਾੜੇ ਸ਼ਸਤਰ ਵਿਦਿਆ ਦਾ ਪ੍ਰਦਰਸ਼ਨ ਕਰਨਗੇ।**

## ਅੰਮ੍ਰਿਤ ਸੰਚਾਰ

ਗੁਰਦੁਆਰਾ ਦਮਦਮਾ ਸਾਹਿਬ ਵਿਖੇ ਸ਼ੁੱਕਰਵਾਰ, 18 ਮਾਰਚ 2022 ਨੂੰ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਸੱਜਣ ਕੇਸੀ ਇਸ਼ਨਾਨ ਕਰਕੇ ਕਕਾਰਾਂ ਸਹਿਤ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪੁੱਜ ਜਾਣ। ਲੋੜ ਅਨੁਸਾਰ ਕਕਾਰਾਂ ਦੀ ਸੇਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ।

ਹਰ ਬੁੱਧਵਾਰ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਐਤਵਾਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ।

## ਅਪੀਲ

ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ 'ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ 'ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਕਿ ਸਿੱਖੀ ਗੌਰਵ ਦੀ ਸ਼ਾਨ ਹੈ।

## ਬਾਲਾ ਪ੍ਰੀਤਮ ਐਜੂਕੇਸ਼ਨ ਫੰਡ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋੜਵੰਦ ਸਿੱਖ ਬੱਚਿਆਂ ਲਈ 'ਬਾਲਾ ਪ੍ਰੀਤਮ ਐਜੂਕੇਸ਼ਨ ਫੰਡ' ਦੀ ਸਥਾਪਨਾ ਕੀਤੀ ਗਈ ਹੈ। ਇਹ ਫੰਡ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਸਿੱਖ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਕੀਤਾ ਜਾਵੇਗਾ ਤਾਂ ਜੋ ਸਿੱਖ ਪਨੀਰੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਕੇ ਨਵੇਂ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕੇ। ਇਸ ਸਕੀਮ ਦਾ ਲਾਭ ਕੇਵਲ ਉਨ੍ਹਾਂ ਲੋੜਵੰਦ ਬੱਚਿਆਂ ਨੂੰ ਹੀ ਮਿਲੇਗਾ, ਜਿਹੜੇ ਸਰਕਾਰੀ ਘੱਟ ਗਿਣਤੀ ਸਕੀਮਾਂ ਦਾ ਅਤੇ ਦਿੱਲੀ ਕਮੇਟੀ ਦੀਆਂ ਸਕੀਮਾਂ ਦਾ ਲਾਭ ਪ੍ਰਾਪਤ ਨਹੀਂ ਕਰਦੇ ਹੋਣਗੇ। ਸੰਗਤਾਂ ਨੂੰ ਬੇਨਤੀ ਹੈ ਕਿ ਇਸ ਫੰਡ ਵਿੱਚ ਆਪਣਾ ਦਸਵੰਧ ਦਿੱਲੀ ਕਮੇਟੀ ਦੁਆਰਾ ਸਥਾਪਿਤ ਕੀਤੇ ਗਏ AXIS Bank Account No. 916010049310190 IFS Code : UTIB0000478 'ਚ ਜਮ੍ਹਾਂ ਕਰਵਾ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

## ਸੀਸ ਗੰਜ ਮਾਸਿਕ ਮੈਗਜ਼ੀਨ

ਆਪਣੇ ਬੱਚਿਆਂ ਨੂੰ ਗੁਰੂ, ਗੁਰਮਤਿ ਤੇ ਗੁਰ-ਇਤਿਹਾਸ ਨਾਲ ਜੋੜਨ ਲਈ 'ਸੀਸ ਗੰਜ' ਮੈਗਜ਼ੀਨ ਨੂੰ ਆਪਣੇ ਡਰਾਇੰਗ ਰੂਮ ਦਾ ਸ਼ਿੰਗਾਰ ਬਣਾਉ। ਕੇਵਲ 50/- ਰੁਪਏ ਸਲਾਨਾ ਚੰਦਾ ਭੇਜ ਕੇ ਅੱਜ ਹੀ ਮੰਗਵਾਓ।

## ਗੁਰੂ ਕਾ ਲੰਗਰ

ਗੁਰੂ ਰੂਪ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਆਪਣੀ ਪੁਰਾਤਨ ਪ੍ਰੰਪਰਾਵਾਂ ਨੂੰ ਵਿਸਾਰਦੇ ਹੋਏ ਗੁਰੂ ਕੇ ਲੰਗਰ ਦੀਆਂ ਸੇਵਾਵਾਂ ਜਿਵੇਂ ਕਿ ਲੰਗਰ ਤਿਆਰ ਕਰਨ ਲਈ ਦਾਲਾਂ ਤਿਆਰ ਕਰਨ ਦੀ ਸੇਵਾ, ਪ੍ਰਸ਼ਾਦੇ ਤਿਆਰ ਕਰਨ ਦੀ ਸੇਵਾ, ਜੂਠੇ ਬਰਤਨ ਸਾਫ ਕਰਨ ਦੀ ਸੇਵਾ, ਜੋੜੇ ਝਾੜਨ ਦੀ ਸੇਵਾ ਕਰਨ ਵਿੱਚ ਸਮਾਂ ਨਹੀਂ ਦੇ ਪਾ ਰਹੇ। ਜਿਸ ਕਰਕੇ ਜਿਥੇ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁਲਦੇ ਜਾ ਰਹੇ ਹਾਂ ਉਥੇ ਨਾਲ ਹੀ ਆਪਣੇ ਬੱਚਿਆਂ ਨੂੰ ਸੇਵਾ ਦੇ ਸੰਕਪਲ ਤੋਂ ਵਾਂਝਿਆਂ ਰੱਖ ਰਹੇ ਹਾਂ। ਇਸ ਲਈ ਆਪਣੇ ਜੀਵਨ ਨੂੰ ਸਫਲਾ ਬਣਾਉਣ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਸਾਹਿਬਾਨ ਵੱਲੋਂ ਚਲਾਈ ਗਈ ਇਸ ਮਨੁੱਖਤਾ ਦੀ ਵਿਲੱਖਣ ਸੇਵਾ ਵਿੱਚ ਆਪਣੇ ਹੱਥੀਂ ਅਤੇ ਤਨ-ਮਨ-ਧਨ ਨਾਲ ਸੇਵਾ ਕਰਕੇ ਜੀਵਨ ਸਫਲ ਕਰੀਏ।